NYC Mayor's Office of Immigrant Affairs

# ICE ਨਾਲ **ਆਪਣੇ ਅਧਿਕਾਰਾਂ ਨੂੰ ਜਾਣੋ**

ਜੇਕਰ **ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (Immigration and Customs Enforcement, ICE)** ਏਜੰਟ ਤੁਹਾਡੇ ਕੋਲ ਆਉਂਦੇ ਹਨ, ਤਾਂ ਤੁਹਾਡੇ ਕੋਲ ਅਧਿਕਾਰ ਹਨ!




**ਫਰਵਰੀ 2025** **ਪੰਜਾਬੀ**

# ਜੇ ICE ਮੇਰੇ ਦਰਵਾਜ਼ੇ 'ਤੇ ਹੋਵੇ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?



ਤੁਹਾਨੂੰ ICE ਜਾਂ ਇਮੀਗ੍ਰੇਸ਼ਨ ਲਈ ਦਰਵਾਜ਼ਾ ਖੋਲ੍ਹਣ ਦੀ ਲੋੜ **ਨਹੀਂ** ਹੈ। ਯਾਦ ਰੱਖੋ ਕਿ ਤੁਹਾਨੂੰ ਚੁੱਪ ਰਹਿਣ ਦਾ **ਅਧਿਕਾਰ** ਹੈ।

## ਜੇਕਰ ICE/ਇਮੀਗ੍ਰੇਸ਼ਨ ਤੁਹਾਡੇ ਦਰਵਾਜ਼ੇ 'ਤੇ ਹੈ:



**ਬੰਦ ਦਰਵਾਜ਼ੇ ਦੇ ਪਿੱਛੇ** ਤੋਂ, ਤੁਸੀਂ ਉਨ੍ਹਾਂ ਨੂੰ ਪੁੱਛ ਸਕਦੇ ਹੋ ਕਿ ਉਹ ਕੌਣ ਹਨ ਅਤੇ ਖਿੜਕੀ, ਪੀਪਹੋਲ ਰਾਹੀਂ ਆਪਣਾ ਬੈਜ, ਪਛਾਣ ਪੱਤਰ (Identification, ID), ਜਾਂ ਬਿਜ਼ਨਸ ਕਾਰਡ ਦਿਖਾਉਣ ਲਈ, ਜਾਂ ਬੰਦ ਦਰਵਾਜ਼ੇ ਦੇ ਹੇਠੋਂ ਇਸਨੂੰ ਪਾਸ ਕਰਨ ਲਈ ਕਹਿ ਸਕਦੇ ਹੋ।



ਜੇਕਰ ਤੁਸੀਂ ਪੁਸ਼ਟੀ ਕਰਦੇ ਹੋ ਕਿ ICE/ਇਮੀਗ੍ਰੇਸ਼ਨ ਤੁਹਾਡੇ ਦਰਵਾਜ਼ੇ 'ਤੇ ਹੈ, ਤਾਂ ਪੁੱਛੋ ਕਿ ਕੀ ਉਨ੍ਹਾਂ ਕੋਲ **ਨਿਆਂਇਕ ਗ੍ਰਿਫ਼ਤਾਰੀ ਵਾਰੰਟ (judicial warrant)** ਹੈ।

ਇੱਕ ਨਿਆਂਇਕ ਗ੍ਰਿਫ਼ਤਾਰੀ ਵਾਰੰਟ ਇੱਕ ਜੱਜ ਦੁਆਰਾ ਦਸਤਖਤ ਕੀਤਾ ਇੱਕ ਕਾਗਜ਼ ਹੁੰਦਾ ਹੈ ਜੋ ICE/ਇਮੀਗ੍ਰੇਸ਼ਨ ਨੂੰ ਕਿਸੇ ਨੂੰ ਗ੍ਰਿਫ਼ਤਾਰ ਕਰਨ ਦੀ ਇਜਾਜ਼ਤ ਦਿੰਦਾ ਹੈ।



ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

ਜੇ ਉਹ ਕਹਿੰਦੇ ਹਨ ਕਿ **ਨਹੀਂ, ਮੇਰੇ ਕੋਲ ਵਾਰੰਟ ਨਹੀਂ ਹੈ,** ਤਾਂ ਤੁਹਾਨੂੰ ਉਨ੍ਹਾਂ ਨੂੰ ਅੰਦਰ ਆਉਣ ਦੇਣ ਦੀ ਲੋੜ ਨਹੀਂ ਹੈ। ਤੁਸੀਂ ਕਹਿ ਸਕਦੇ ਹੋ,



"I do not want to speak with you " (ਮੈਂ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ/ਚਾਹੁੰਦੀ।)

ਜੇ ਉਹ ਕਹਿੰਦੇ ਹਨ **ਹਾਂ, ਮੇਰੇ ਕੋਲ ਵਾਰੰਟ ਹੈ**, ਤਾਂ ਉਹਨਾਂ ਨੂੰ ਇਸਨੂੰ ਦਰਵਾਜ਼ੇ ਦੇ ਹੇਠਾਂ ਤੋਂ ਸਲਾਈਡ ਕਰਨ ਲਈ ਕਹੋ।



ਜੇਕਰ ਦਸਤਾਵੇਜ਼ 'ਤੇ ਜੱਜ ਦੁਆਰਾ ਦਸਤਖਤ ਕੀਤੇ ਗਏ ਸਨ, ਤਾਂ ਤੁਹਾਨੂੰ ਪਾਲਣਾ ਕਰਨ ਦੀ ਲੋੜ ਹੋਵੇਗੀ।

ਜੇਕਰ ICE ਕਿਸੇ ਅਜਿਹੇ ਵਿਅਕਤੀ ਦੀ ਭਾਲ ਕਰ ਰਿਹਾ ਹੈ ਜੋ ਤੁਹਾਡੇ ਘਰ ਵਿੱਚ ਨਹੀਂ ਹੈ, ਤਾਂ **ਤੁਹਾਨੂੰ ਬੋਲਣ ਦੀ ਲੋੜ ਨਹੀਂ** ਹੈ। ਜੇਕਰ ਤੁਸੀਂ ਬੋਲਣਾ ਚੁਣਦੇ ਹੋ, ਤਾਂ ਤੁਸੀਂ ICE ਨੂੰ ਸੰਪਰਕ ਜਾਣਕਾਰੀ ਛੱਡਣ ਲਈ ਕਹਿ ਸਕਦੇ ਹੋ। ਭਾਵੇਂ ਤੁਹਾਨੂੰ ICE ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਵਿਅਕਤੀ ਕਿੱਥੇ ਹੈ, ਪਰ ਗਲਤ ਜਾਣਕਾਰੀ ਪ੍ਰਦਾਨ ਕਰਨ ਨਾਲ ਤੁਸੀਂ ਜੋਖਮ ਵਿੱਚ ਪੈ ਜਾਂਦੇ ਹੋ।

ਕਿਸੇ ਐਮਰਜੈਂਸੀ ਵਿੱਚ, ਜਿਵੇਂ ਕਿ ਜਨਤਕ ਸੁਰੱਖਿਆ ਲਈ ਖ਼ਤਰਾ ਜਾਂ ਕਿਸੇ ਦੀ ਜਾਨ ਨੂੰ ਖ਼ਤਰਾ, ICE ਤੁਹਾਡੀ ਇਜਾਜ਼ਤ ਲਏ ਬਿਨਾਂ ਅੰਦਰ ਆ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਯਾਦ ਰੱਖੋ **ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ** ਹੈ।



ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

# ਜੇ ICE ਮੇਰੇ ਘਰ ਦੇ ਅੰਦਰ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?



ਜੇਕਰ ICE ਤੁਹਾਡੀ ਇਜਾਜ਼ਤ ਤੋਂ ਬਿਨਾਂ ਤੁਹਾਡੇ ਘਰ ਵਿੱਚ ਦਾਖਲ ਹੁੰਦਾ ਹੈ, ਤਾਂ ਤੁਸੀਂ ਉਨ੍ਹਾਂ ਨੂੰ ਸਾਫ਼-ਸਾਫ਼ ਕਹਿ ਸਕਦੇ ਹੋ: **“I do not consent to you being in my home. Please leave“ (ਮੈਂ ਤੁਹਾਨੂੰ ਮੇਰੇ ਘਰ ਵਿੱਚ ਹੋਣ ਦੀ ਸਹਿਮਤੀ ਨਹੀਂ ਦਿੰਦਾ/ਦਿੰਦੀ। ਕਿਰਪਾ ਕਰਕੇ ਚਲੇ ਜਾਓ।)** ਇਹ ਕਹਿਣਾ ਸ਼ਾਇਦ ਉਹਨਾਂ ਨੂੰ ਹਮੇਸ਼ਾ ਨਾ ਰੋਕੇ, ਪਰ ਇਹ ਭਵਿੱਖ ਦੇ ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਮਦਦ ਕਰ ਸਕਦਾ ਹੈ।

ਜੇਕਰ ICE ਤੁਹਾਡੇ ਘਰ ਵਿੱਚ ਕਮਰਿਆਂ ਜਾਂ ਚੀਜ਼ਾਂ ਦੀ ਤਲਾਸ਼ੀ ਲੈਣਾ ਸ਼ੁਰੂ ਕਰਦਾ ਹੈ, ਤਾਂ ਤੁਸੀਂ ਉਨ੍ਹਾਂ ਨੂੰ ਕਹਿ ਸਕਦੇ ਹੋ, **“I do not consent to your search” (ਮੈਂ ਤੁਹਾਡੀ ਤਲਾਸ਼ੀ ਲਈ ਸਹਿਮਤ ਨਹੀਂ ਹਾਂ।)**

ਜੇਕਰ ਉਹ ਸਹਿਮਤੀ ਤੋਂ ਬਿਨਾਂ ਖੋਜ ਕਰਨਾ ਜਾਰੀ ਰੱਖਦੇ ਹਨ ਤਾਂ ਤੁਸੀਂ ਇਸਨੂੰ ਦੁਹਰਾ ਸਕਦੇ ਹੋ। ਤੁਸੀਂ ਉਨ੍ਹਾਂ ਨੂੰ ਦੱਸ ਸਕਦੇ ਹੋ ਕਿ ਕੀ ਤੁਹਾਡੇ ਘਰ ਵਿੱਚ ਬੱਚੇ ਜਾਂ ਹੋਰ ਕਮਜ਼ੋਰ ਨਿਵਾਸੀ ਹਨ।

ਤੁਹਾਨੂੰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਸਰੀਰਕ ਝਗੜੇ ਤੋਂ ਬਚਣਾ ਚਾਹੀਦਾ ਹੈ।

# ਜੇ ICE ਮੇਰੇ ਕੰਮ ਵਾਲੀ ਥਾਂ 'ਤੇ ਹੋਵੇ ਤਾਂ ਮੈਂ ਕੀ ਕਰ ਸਕਦਾ/ ਸਕਦੀ ਹਾਂ?



ICE ਕਿਸੇ ਵੀ ਕੰਮ ਵਾਲੀ ਥਾਂ ਦੀ **ਜਨਤਕ** ਥਾਂ 'ਤੇ ਬਿਨਾਂ ਕਿਸੇ ਕਿਸਮ ਦੇ ਵਾਰੰਟ ਦੀ ਲੋੜ ਦੇ ਦਾਖਲ ਹੋ ਸਕਦਾ ਹੈ।



**ਜਨਤਕ ਥਾਵਾਂ** ਵਿੱਚ ਸ਼ਾਮਲ ਹੋ ਸਕਦੇ ਹਨ: ਦਫ਼ਤਰ ਦੀ ਲਾਬੀ, ਸੁਪਰਮਾਰਕੀਟ, ਪ੍ਰਚੂਨ ਸਟੋਰ, ਜਾਂ ਕਿਸੇ ਰੈਸਟੋਰੈਂਟ ਦਾ ਡਾਇਨਿੰਗ ਖੇਤਰ।

ICE ਕਾਨੂੰਨੀ ਤੌਰ 'ਤੇ ਕਿਸੇ ਕੰਮ ਵਾਲੀ ਥਾਂ ਦੀ ਨਿੱਜੀ ਜਗ੍ਹਾ ਵਿੱਚ ਦਾਖਲ **ਨਹੀਂ ਹੋ ਸਕਦਾ** ਜਦੋਂ ਤੱਕ ਕਿ ਉਹਨਾਂ ਕੋਲ **ਤੁਹਾਡੇ ਮਾਲਕ ਦੀ ਇਜਾਜ਼ਤ ਜਾਂ ਨਿਆਂਇਕ ਵਾਰੰਟ** ਨਾ ਹੋਵੇ।

**ਨਿੱਜੀ ਥਾਵਾਂ** ਸਿਰਫ਼ ਕਰਮਚਾਰੀਆਂ ਲਈ ਹੁੰਦੀਆਂ ਹਨ ਜਿਨ੍ਹਾਂ ਵਿੱਚ ਕੰਮ ਵਾਲੀ ਥਾਂ ਦਾ ਬ੍ਰੇਕ ਰੂਮ ਜਾਂ ਸਟੋਰੇਜ ਰੂਮ ਸ਼ਾਮਲ ਹੋ ਸਕਦਾ ਹੈ।

ਕਿਸੇ ਐਮਰਜੈਂਸੀ ਵਿੱਚ, ਜਿਵੇਂ ਕਿ ਜਨਤਕ ਸੁਰੱਖਿਆ ਲਈ ਖ਼ਤਰਾ ਜਾਂ ਕਿਸੇ ਦੀ ਜਾਨ ਨੂੰ ਖ਼ਤਰਾ, ICE ਤੁਹਾਡੀ ਇਜਾਜ਼ਤ ਲਏ ਬਿਨਾਂ ਅੰਦਰ ਆ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਯਾਦ ਰੱਖੋ **ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ** ਹੈ।

**ਮਾਲਕ** ICE ਨੂੰ ਆਪਣੀ ਪਛਾਣ ਦਿਖਾਉਣ ਲਈ ਕਹਿ ਸਕਦੇ ਹਨ ਅਤੇ ਪੁੱਛ ਸਕਦੇ ਹਨ ਕਿ ਕੀ ICE ਕੋਲ ਕੋਈ ਨਿਆਂਇਕ ਵਾਰੰਟ ਹੈ

ਜਿਵੇਂ ਕਿ ਸਾਰੀਆਂ ਜਨਤਕ ਥਾਵਾਂ 'ਤੇ ਹੁੰਦਾ ਹੈ, ਜੇਕਰ ਕੰਮ 'ਤੇ ICE ਏਜੰਟ ਤੁਹਾਡੇ ਨਾਲ ਸੰਪਰਕ ਕਰਦੇ ਹਨ, ਤਾਂ **ਤੁਹਾਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ** ਅਤੇ ਤੁਸੀਂ ਉਨ੍ਹਾਂ ਨੂੰ ਆਪਣੇ ਮਾਲਕ ਕੋਲ ਭੇਜ ਸਕਦੇ ਹੋ।

ਹਮੇਸ਼ਾ ਵਾਂਗ, ਜੇਕਰ ICE ਏਜੰਟ ਤੁਹਾਡੀਆਂ ਜੇਬਾਂ ਜਾਂ ਸਮਾਨ ਦੀ ਤਲਾਸ਼ੀ ਲੈਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਤੁਸੀਂ ਕਹਿ ਸਕਦੇ ਹੋ, **"I do not consent to a search" (ਮੈਂ ਤਲਾਸ਼ੀ ਲਈ ਸਹਿਮਤ ਨਹੀਂ ਹਾਂ।)**

ਜੇਕਰ ਉਹ ਤੁਹਾਡੀ ਕਿਸੇ ਵੀ ਤਰ੍ਹਾਂ ਤਲਾਸ਼ੀ ਲੈਂਦੇ ਹਨ, ਤਾਂ ਤੁਸੀਂ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਨਹੀਂ ਰੋਕ ਸਕਦੇ ਪਰ ਭਵਿੱਖ ਦੇ ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਸਪੱਸ਼ਟ ਤੌਰ 'ਤੇ ਇਹ ਕਹਿਣਾ ਮਹੱਤਵਪੂਰਨ ਹੋ ਸਕਦਾ ਹੈ ਕਿ ਤੁਸੀਂ ਸਹਿਮਤੀ ਨਹੀਂ ਦਿੰਦੇ।

**ਤੁਹਾਨੂੰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਸਰੀਰਕ ਝਗੜੇ ਤੋਂ ਬਚਣਾ ਚਾਹੀਦਾ ਹੈ।**



ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

# ਜੇਕਰ ਮੈਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ ਜਾਂ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ?



ਯਾਦ ਰੱਖੋ ਕਿ ਤੁਹਾਨੂੰ **ਚੁੱਪ ਰਹਿਣ** ਦਾ ਅਧਿਕਾਰ ਹੈ। ਤੁਹਾਨੂੰ **ਵਕੀਲ ਨਾਲ ਗੱਲ ਕਰਨ** ਦਾ ਅਧਿਕਾਰ ਹੈ।



ਜੇਕਰ ਤੁਹਾਨੂੰ ਕੋਈ **ਡਾਕਟਰੀ ਸਮੱਸਿਆ** ਹੈ ਜਾਂ ਤੁਹਾਨੂੰ **ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕਰਨ** ਦੀ ਲੋੜ ਹੈ ਤਾਂ ਤੁਸੀਂ ICE ਨੂੰ ਦੱਸ ਸਕਦੇ ਹੋ।






ICE ਏਜੰਟ **ਹੋ ਸਕਦਾ ਹੈ ਕਿ ਤੁਹਾਡੀ ਪਸੰਦੀਦਾ ਭਾਸ਼ਾ ਨਾ ਬੋਲ** ਸਕਣ। ਤੁਹਾਨੂੰ ICE ਨਾਲ ਕਿਸੇ ਵੀ ਗੱਲਬਾਤ ਜਾਂ ਤੁਹਾਨੂੰ ਦਿੱਤੀ ਗਈ ਕਿਸੇ ਵੀ ਮੁਲਾਕਾਤ ਜਾਂ ਸੁਣਵਾਈ ਲਈ ਦੁਭਾਸ਼ੀਏ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਤੁਸੀਂ ਕਹਿ ਸਕਦੇ ਹੋ, **“I need an interpreter” (ਮੈਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ।)**



ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ। ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ ਤੁਹਾਨੂੰ **ਕਿਸੇ ਵੀ ਦਸਤਾਵੇਜ਼ 'ਤੇ ਦਸਤਖਤ ਕਰਨ** ਜਾਂ **ਕਿਸੇ ਵੀ ਸਵਾਲ ਦਾ ਜਵਾਬ ਦੇਣ** ਦੀ ਲੋੜ ਨਹੀਂ ਹੈ।



ਇੱਕ ਵਾਰ ਹਿਰਾਸਤ ਵਿੱਚ ਜਾਣ ਤੋਂ ਬਾਅਦ, ਤੁਹਾਡੇ ਕੋਲ ਆਪਣੇ ਪਰਿਵਾਰ, ਦੋਸਤਾਂ, ਭਾਈਚਾਰਕ ਆਗੂਆਂ, ਜਾਂ ਵਕੀਲ ਨੂੰ **ਫ਼ੋਨ ਕਰਨ ਦਾ ਮੌਕਾ** ਹੋਵੇਗਾ।



ਨਜ਼ਰਬੰਦੀ ਵਿੱਚ, ਤੁਸੀਂ ਆਪਣੇ ਪਰਿਵਾਰ, ਦੋਸਤਾਂ, ਭਾਈਚਾਰਕ ਆਗੂਆਂ ਅਤੇ ਵਕੀਲ ਸਮੇਤ **ਮੁਲਾਕਾਤੀਆਂ ਨੂੰ ਮਿਲ** ਸਕਦੇ ਹੋ। ਧਿਆਨ ਦਿਓ ਕਿ **ਹਰੇਕ ਜੇਲ੍ਹ ਦੇ ਆਪਣੇ ਨਿਯਮ ਹੁੰਦੇ ਹਨ** ਜਿਨ੍ਹਾਂ ਦੀ ਸਮੀਖਿਆ ਮੁਲਾਕਾਤੀਆਂ ਨੂੰ ਪਹਿਲਾਂ ਕਰਨੀ ਚਾਹੀਦੀ ਹੈ।



ਜੇਕਰ ICE ਏਜੰਟ ਤੁਹਾਡੇ ਨਾਲ ਗੱਲ ਕਰਨ ਜਾਂ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਰਿਕਾਰਡਿੰਗ ਸ਼ੁਰੂ ਕਰਨ ਜਾਂ ਜਾਰੀ ਰੱਖਣ ਨਾਲ ਤੁਹਾਨੂੰ ਖ਼ਤਰਾ ਹੋ ਸਕਦਾ ਹੈ। ਹਾਲਾਂਕਿ, **ਭਾਈਚਾਰੇ ਦੇ ਲੋਕ ICE ਰਿਕਾਰਡ ਕਰ ਸਕਦੇ ਹਨ**, ਜਦੋਂ ਤੱਕ ਉਹ ਅਧਿਕਾਰੀਆਂ ਵਿੱਚ ਦਖਲ ਨਹੀਂ ਦਿੰਦੇ।

**ਤੁਸੀਂ ਆਪਣੇ ਵਕੀਲ ਨਾਲ ਆਪਣੀ ਗ੍ਰਿਫ਼ਤਾਰੀ ਬਾਰੇ ਕੋਈ ਵੀ ਆਡੀਓ, ਵੀਡੀਓ, ਜਾਂ ਲਿਖਤੀ ਨੋਟ ਸਾਂਝੇ ਕਰ ਸਕਦੇ ਹੋ ਜੋ ਤੁਸੀਂ ਜਾਂ ਕਿਸੇ ਅਜਿਹੇ ਵਿਅਕਤੀ ਨੇ ਕੀਤੇ ਹਨ ਜਿਸਨੇ ਤੁਹਾਡੀ ਗ੍ਰਿਫ਼ਤਾਰੀ ਦੇਖੀ ਹੈ।**

**ਵਧੇਰੇ ਜਾਣਕਾਰੀ ਲਈ,**
QR ਕੋਡ ਨੂੰ ਸਕੈਨ ਕਰੋ



ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

## ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਦੇਸ਼ ਨਿਕਾਲਾ ਮਿਲਣ ਦਾ ਖ਼ਤਰਾ ਹੈ, ਤਾਂ ਇੱਕ ਯੋਜਨਾ ਬਣਾਓ।

### 1 ਆਪਣੇ ਕਾਨੂੰਨੀ ਵਿਕਲਪਾਂ ਦੀ ਪੜਚੋਲ ਕਰੋ। ਕਿਸੇ ਭਰੋਸੇਮੰਦ ਵਕੀਲ ਨਾਲ ਗੱਲ ਕਰੋ ਅਤੇ ਧੋਖਾਧੜੀ ਤੋਂ ਬਚੋ।

**1-800-354-0365**

**ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ**
ਅਨੁਵਾਦ ਉਪਲਬਧ ਹੈ

ਪ੍ਰਵਾਸੀ ਨਿਊਯਾਰਕ ਵਾਸੀਆਂ ਨੂੰ ਸਵਾਲ ਜਾਂ ਚਿੰਤਾਵਾਂ ਹਨ, ਉਹਨਾਂ ਨੂੰ **ਇਮੀਗ੍ਰੇਸ਼ਨ ਕਾਨੂੰਨੀ ਸਹਾਇਤਾ ਲਈ ਜਾਣਕਾਰੀ ਅਤੇ ਸੰਪਰਕਾਂ** ਲਈ ਮੇਅਰ ਦੇ ਪ੍ਰਵਾਸੀ ਮਾਮਲਿਆਂ ਦੇ ਦਫ਼ਤਰ (Mayor's Office of Immigrant Affairs, MOIA) ਇਮੀਗ੍ਰੇਸ਼ਨ ਕਾਨੂੰਨੀ ਸਹਾਇਤਾ ਹੌਟਲਾਈਨ 'ਤੇ ਕਾਲ ਕਰਨੀ ਚਾਹੀਦੀ ਹੈ।

ਇਮੀਗ੍ਰੇਸ਼ਨ ਕਾਨੂੰਨ ਗੁੰਝਲਦਾਰ ਹੈ। ਇਮੀਗ੍ਰੇਸ਼ਨ ਕਾਨੂੰਨੀ ਘੁਟਾਲਿਆਂ ਜਾਂ ਧੋਖੇਬਾਜ਼ ਪ੍ਰਦਾਤਾਵਾਂ ਤੋਂ ਸਾਵਧਾਨ ਰਹੋ ਜੋ ਝੂਠੇ ਵਾਅਦੇ ਕਰ ਸਕਦੇ ਹਨ।

**ਯਾਦ ਰੱਖੋ:** ਇੱਕ ਪਬਲਿਕ ਨੋਟਰੀ ਜੋ ਲਾਇਸੰਸਸ਼ੁਦਾ ਵਕੀਲ ਨਹੀਂ ਹੈ, ਤੁਹਾਡੇ ਵੱਲੋਂ ਇਮੀਗ੍ਰੇਸ਼ਨ ਫਾਰਮ ਨਹੀਂ ਭਰ ਸਕਦਾ ਜਾਂ ਫਾਈਲ ਨਹੀਂ ਕਰ ਸਕਦਾ। ਉਹਨਾਂ ਨੂੰ ਤੁਹਾਨੂੰ ਕਾਨੂੰਨੀ ਸਲਾਹ ਵੀ ਨਹੀਂ ਦੇਣੀ ਚਾਹੀਦੀ।



ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

## 2 ਆਪਣੀ ਪਰਿਵਾਰਕ ਯੋਜਨਾ ਬਣਾਓ।

**ਇੱਕ ਐਮਰਜੈਂਸੀ ਸੰਪਰਕ ਚੁਣੋ ਅਤੇ ਉਸਦਾ ਫ਼ੋਨ ਨੰਬਰ ਯਾਦ ਰੱਖੋ।** ਐਮਰਜੈਂਸੀ ਸੰਪਰਕ ਉਹ ਵਿਅਕਤੀ ਹੋ ਸਕਦਾ ਹੈ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ - ਇੱਕ ਪਰਿਵਾਰਕ ਮੈਂਬਰ, ਦੋਸਤ, ਭਾਈਚਾਰਕ ਆਗੂ, ਜਾਂ ਇੱਕ ਵਕੀਲ।

**ਆਪਣੇ ਦਸਤਾਵੇਜ਼ਾਂ ਨੂੰ ਵਿਵਸਥਿਤ ਕਰੋ** ਅਤੇ ਉਹਨਾਂ ਨੂੰ ਇੱਕ ਸੁਰੱਖਿਅਤ ਜਗ੍ਹਾ 'ਤੇ ਰੱਖੋ ਜਿੱਥੇ ਤੁਹਾਡੇ ਐਮਰਜੈਂਸੀ ਸੰਪਰਕਾਂ ਦੀ ਪਹੁੰਚ ਹੋਵੇ।

**ਇੱਕ ਸਟੈਂਡਬਾਏ ਸਰਪ੍ਰਸਤ ਚੁਣੋ: ਕੋਈ ਅਜਿਹਾ ਵਿਅਕਤੀ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ ਕਿ ਉਹ ਤੁਹਾਡੇ ਬੱਚੇ ਦੀ ਦੇਖਭਾਲ ਕਰੇਗਾ ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ।** ਸਟੈਂਡਬਾਏ ਸਰਪ੍ਰਸਤਾਂ ਕੋਲ ਆਪਣੀ ਦੇਖਭਾਲ ਵਿੱਚ ਬੱਚੇ ਲਈ ਮਹੱਤਵਪੂਰਨ ਫੈਸਲੇ ਲੈਣ ਦੀ ਸ਼ਕਤੀ ਹੁੰਦੀ ਹੈ, ਜਿਸ ਵਿੱਚ ਵੱਡੇ ਡਾਕਟਰੀ ਫੈਸਲੇ ਅਤੇ ਬੱਚਾ ਸਕੂਲ ਕਿੱਥੇ ਜਾਂਦਾ ਹੈ ਇਸ ਬਾਰੇ ਫੈਸਲੇ ਸ਼ਾਮਲ ਹਨ।

**ਵਧੇਰੇ ਜਾਣਕਾਰੀ ਲਈ,**
QR ਕੋਡ ਨੂੰ ਸਕੈਨ ਕਰੋ




ਇਹ ਕਿਤਾਬਚਾ ਸਿਰਫ਼ ਆਮ ਜਾਣਕਾਰੀ ਦਿੰਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਾਨੂੰਨੀ ਸਲਾਹ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰੋ।

# ਨੋਟਸ

www.nyc.gov/knowyourrights

ਸਭ ਤੋਂ ਤਾਜ਼ਾ ਜਾਣਕਾਰੀ ਲਈ,



- ਆਪਣੇ ਫ਼ੋਨ ਦੇ ਕੈਮਰੇ ਨੂੰ ਹੇਠਾਂ ਦਿੱਤੇ QR ਕੋਡ ਵੱਲ ਕਰੋ ਅਤੇ ਕੁਝ ਸਕਿੰਟਾਂ ਲਈ ਸਥਿਰ ਰੱਖੋ।
- ਜਾਣਕਾਰੀ ਤੱਕ ਪਹੁੰਚ ਕਰਨ ਲਈ ਦਿਖਾਈ ਦੇਣ ਵਾਲੀ ਸੂਚਨਾ 'ਤੇ ਟੈਪ ਕਰੋ।